ਦਫ਼ਤਰ ਡਾਇਰੈਕਟਰ, ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ, ਐਸ.ਏ.ਐਸ.ਨਗਰ।
(ਪ੍ਰਮੋਸ਼ਨ ਸੈੱਲ)

## ਦਫ਼ਤਰੀ ਕਾਰਜ ਲਈ ਨੋਟਿਸ

ਨੰਬਰ (ਈ-539042/2023)/(ਪੀ-3) ਮਿਤੀ 13.08.2025

ਵਿਸ਼ਾ- ਜੇ.ਬੀ.ਟੀ. / ਈ.ਟੀ.ਟੀ. ਕਾਡਰ ਤੋਂ ਮਾਸਟਰ ਕਾਡਰ ਦੀਆਂ ਪਦ-ਉੱਨਤੀਆਂ ਸਬੰਧੀ।

1. ਪੰਜਾਬ ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐਸਿ) ਤੋਂ ਪ੍ਰਾਪਤ ਵੇਰਵਿਆਂ ਦੇ ਆਧਾਰ ਤੇ ਤਿਆਰ ਕੀਤੀ ਗਈ ਜੇ.ਬੀ.ਟੀ. / ਈ.ਟੀ.ਟੀ. ਕਾਡਰ ਦੀਇੰਟਰਸੇ ਸੀਨੀਆਰਤਾ ਅਤੇ ਮਿਤੀ 18.07.2025 ਨੂੰ ਵਿਭਾਗ ਦੀ ਵੈੱਬ-ਸਾਈਟ ਤੇ ਜਾਰੀ ਕਰਕੇ ਇਸ ਤੇ ਪ੍ਰਾਪਤ ਇਤਰਾਜਾਂ ਨੂੰ ਘੋਖਦਿਆਂ ਇਸ ਇੰਟਰਸੇ ਸੀਨੀਆਰਤਾ ਨੂੰ ਅੰਤਿਮ ਰੂਪ ਦੇ ਦਿੱਤਾ ਗਿਆ ਹੈ। ਮੁੜ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਹ ਇੰਟਰਸੇ ਸੀਨੀਆਰਤਾ ਸਮੂਹ ਜਿ.ਸਿ.ਅ. (ਐਸਿ) ਦੇ ਦਫ਼ਤਰਾਂ ਤੋਂ ਪ੍ਰਾਪਤ ਸੂਚਨਾਂ / ਵੇਰਵਿਆਂ ਦੇ ਆਧਾਰ ਤੇ ਤਿਆਰ ਕੀਤੀ ਗਈ ਹੈ ਅਤੇ ਸਮਰੱਥ ਅਧਿਕਾਰੀਆਂ ਦੀ ਪ੍ਰਵਾਨਗੀ ਉਪਰੰਤ ਹੀ ਇਸ ਨੋਟਿਸ ਦੇ ਨਾਲ ਜਾਰੀ ਕੀਤੀ ਜਾ ਰਹੀ ਹੈ।
2. ਇਸ ਇੰਟਰਸੇ ਸੀਨੀਆਰਤਾ ਸੂਚੀ ਵਿੱਚ ਦਰਜ ਕਰਮਚਾਰੀ ਜੋ ਮਿਤੀ 02.06.2025 ਤੱਕ ਮਾਸਟਰ ਕਾਡਰ ਦੀ ਪਦ-ਉੱਨਤੀ ਦੀ ਯੋਗਤਾ ਰੱਖਦੇ ਹਨ, ਉਹ ਇਸ ਨੋਟਿਸ ਨਾਲ ਨੱਥੀ ਪਾਤਰਤਾ ਸੂਚੀ ਦੇ ਪ੍ਰੋਫਾਰਮੇ ਸਮੇਤ ਮੁਕੰਮਲ ਕੇਸ ਸਬੰਧਤ ਜਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ ਸਿੱਖਿਆ) ਦੇ ਦਫ਼ਤਰ ਵਿਖੇ ਮਿਤੀ 22.08.2025 ਤੱਕ ਜਮਾਂ ਕਰਵਾਉਣਗੇ।
3. ਇਸ ਇੰਟਰਸੇ ਸੀਨੀਆਰਤਾ ਸੂਚੀ ਵਿੱਚ ਦਰਜ ਕਰਮਚਾਰੀਆਂ ਤੋਂ ਬਿਨਾ ਕਿਸੇ ਹੋਰ ਕਰਮਚਾਰੀ ਦਾ ਕੇਸ ਪਦ-ਉੱਨਤੀ ਲਈ ਨਹੀਂ ਵਿਚਾਰਿਆ ਜਾਵੇਗਾ।
4. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐਸਿ) ਦੇ ਦਫ਼ਤਰਾਂ ਵੱਲੋਂ ਕੇਸ ਵਿਸ਼ਾਵਾਰ ਬੰਡਲ ਤਿਆਰ ਕਰਕੇ ਆਪਣੇ ਦਫ਼ਤਰੀ ਰਿਕਾਰਡ ਵਿੱਚ ਹੀ ਰੱਖੇ ਜਾਣਗੇ ਅਤੇ ਪਾਤਰਤਾ ਸੂਚੀਆਂ, ਵਿਸ਼ਾਵਾਰ ਸੰਕਲਿਤ ਰੂਪ ਵਿੱਚ, ਸਬੰਧਤ ਜਿਲ੍ਹਾ ਸਿੱਖਿਆ ਅਫ਼ਸਰ ਵੱਲੋ ਤਸਦੀਕ ਕਰਨ ਉਪਰੰਤ ਸਾਫਟ ਅਤੇ ਹਾਰਡ ਕਾਪੀਆਂ (ਅਸਲ), ਦਸਤੀ ਇਸ ਦਫ਼ਤਰ ਨੂੰ ਮਿਤੀ 27.08.2025 ਤੱਕ ਭੇਜੀਆਂ ਜਾਣਗੀਆਂ।
5. ਇਹ ਸਪੱਸ਼ਟ ਰੂਪ ਵਿੱਚ ਲਿਖਿਆ ਜਾਂਦਾ ਹੈ ਕਿ ਕੇਸ ਕੇਵਲ ਪਦ-ਉੱਨਤੀ ਲਈ ਹਰ ਪੱਖੋਂ ਯੋਗ ਕਰਮਚਾਰੀਆਂ ਦੇ ਹੀ ਪ੍ਰਾਪਤ ਕੀਤੇ ਜਾਣੇ ਹਨ। ਪਦ-ਉੱਨਤੀਆਂ ਕੇਵਲ ਸੀਨੀਆਰਤਾ ਅਨੁਸਾਰ ਅਤੇ ਰੋਸਟਰ ਨੁਕਤਿਆਂ ਅਨੁਸਾਰ ਉਪਲਬੱਧ ਖਾਲੀ ਆਸਾਮੀਆਂ ਦੀ ਗਿਣਤੀ ਅਨੁਸਾਰ ਹੀ ਵਿਚਾਰੀਆਂ ਜਾਣੀਆਂ ਹਨ। ਸੀਨੀਆਰਤਾ ਸੂਚੀ ਜਾਂ ਪਾਤਰਤਾ ਸੂਚੀ ਵਿੱਚ ਨਾਮ ਦਰਜ ਹੋਣ ਨਾਲ ਕੋਈ ਵੀ ਕਰਮਚਾਰੀ ਪਦ-ਉੱਨਤੀ ਦਾ ਦਾਅਵੇਦਾਰ ਨਹੀਂ ਹੋਵੇਗਾ।
6. ਪਾਤਰਤਾ ਸੂਚੀ ਦਾ ਪ੍ਰੋਫਾਰਮਾ ਅੰਗਰੇਜੀ ਭਾਸ਼ਾ ਦੇ Times New Roman ਫੌਂਟ Size 11 ਵਿੱਚ ਅਤੇ ਇਸ ਨੋਟਿਸ ਨਾਲ ਅਟੈਚ ਕੀਤੀ ਗਈ ਇੰਟਰਸੇ ਸੀਨੀਆਰਤਾ ਵਾਈਜ਼ ਸੰਕਲਿਤ ਕੀਤਾ ਜਾਵੇ।
7. ਇੱਕ ਕਰਮਚਾਰੀ ਕੇਵਲ ਇੱਕ ਹੀ ਵਿਸ਼ੇ ਵਿੱਚ ਪਦ- ਉੱਨਤੀ ਲਈ ਕੇਸ ਭੇਜ ਸਕਦਾ ਹੈ।
8. ਇੱਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਪਦ-ਉੱਨਤੀ ਲਈ ਕੇਵਲ ਜੇ.ਬੀ.ਟੀ./ਈ.ਟੀ.ਟੀ. ਕਾਡਰ ਦੇ ਕਰਮਚਾਰੀ ਹੀ ਆਪਣੇ ਕੇਸ ਭੇਜਣ। ਹੈੱਡਟੀਚਰ ਅਤੇ ਸੈਂਟਰ ਹੈੱਡਟੀਚਰ ਕਰਮਚਾਰੀਆਂ ਦੀ ਪਦ-ਉੱਨਤੀ ਲਈ ਕੇਸ ਬਾਅਦ ਵਿੱਚ ਨਿਰਧਾਰਿਤ ਕੋਟੇ ਅਨੁਸਾਰ ਵੱਖਰੇ ਤੌਰ 'ਤੇ ਮੰਗੇ ਜਾਣਗੇ।

ਨੱਥੀ- ਇੰਟਰਸੇ ਸੀਨੀਆਰਤਾ ਸੂਚੀ ਅਤੇ
ਪਦ-ਉੱਨਤੀ ਲਈ ਪਾਤਰਤਾ ਸੂਚੀ ਦਾ ਪ੍ਰੋਫਾਰਮਾ

ਸਹਾਇਕ ਡਾਇਰੈਕਟਰ (ਪ੍ਰਮੋਸ਼ਨ)

ਹੇਠਾਂ ਦਰਸਾਏ ਅਨੁਸਾਰ ਪਾਤਰਤਾ ਸੂਚੀ ਤਿਆਰ ਕਰਨ ਦਾ ਪ੍ਰੋਫਾਰਮਾ ਭਰਨ ਸਮੇਂ ਕੋਈ ਵੀ ਕਾਲਮ ਮਰਜ ਨਾ ਕੀਤੀ ਜਾਵੇ। ਇਕ ਕਰਮਚਾਰੀ ਦੀ ਸੂਚਨਾਂ ਲਈ ਇੱਕ ਹੀ Row ਵਰਤੀ ਜਾਵੇ। ਕੇਵਲ Times New Roman ਫਾਂਟ Size 11 ਦੀ ਹੀ ਵਰਤੋਂ ਕੀਤੀ ਜਾਵੇ।

| Interse Sen. No. | E-punjab Staff I D | Name of the Employee | Designation | School Name | Block | District | Category | Date of Birth | | | Subject of Promotion (Only **ONE** Subject must be entered for each employee) | Details of Qualifications | | | | | Date of Passing of PSTET -2 where applicable | If Qualification was acquired after joining the service, then enter the Order No.and Date of the Permission Order issued by the competent authority | If there is any departmental complaint/ inquiry pending or any court case against the employee, details should be given. | If the employee is a petitioner in any writ petition, the details of the case should be recorded | if left out case from the year 2015 to 2021, then mention the date from which promotion is claimed | Ranking Of ACR's /Last Five Years Only and Special ACR | | | | | |
|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|
| | | | | | | | | Day | Month | Year | | Name of the University and Subjects studied in the 1st year of graduation and Date of Passing | Name of the University and Subjects studied in the 2nd year of graduation and Date of Passing | Name of the University and Subjects studied in the Final year of graduation and Date of Passing | Name of the University and Additional subject studied in graduation and Date of Passing | Name of the University and Teaching Subjects of B.ed and Date of Passing | | | | | | 2020-21 | 2021-22 | 2022-23 | 2023-24 | 2024-25 | SPECIAL |
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 | 17 | 18 | 19 | 20 | 21 | 22 | 23 | 24 | 25 | 26 | 27 | 28 |